# ਸੰਤਾਲੀ ਦੀ ਮਹਾਂ-ਤ੍ਰਾਸਦੀ ਦਾ ਬਿਰਤਾਂਤ: ਰੌਲ਼ਿਆਂ ਵੇਲੇ



ਡਾ. ਪਰਮੀਤ ਕੌਰ
ਸਹਾਇਕ ਪ੍ਰੋਫ਼ੈਸਰ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ।
parmeetcheema8@gmail.com

ਭਾਰਤ ਦੀ ਆਜ਼ਾਦੀ ਭਾਰਤ ਦੀ ਦੋ ਮੁਲਕਾਂ ਵਿੱਚ ਵੰਡ ਦੇ ਇਤਿਹਾਸ ਦੀ ਇੱਕ ਅਹਿਮ ਘਟਨਾ ਹੈ। ਭਾਰਤੀ ਲੋਕਾਂ ਦੇ ਮਨਾਂ ਉੱਤੇ ਦੇਸ਼ ਵੰਡ ਦੇ ਦੁਵੱਲੇ ਪ੍ਰਭਾਵ ਪਏ। ਦੇਸ਼ ਵੰਡ ਨੇ ਇੱਕ ਪਾਸੇ ਦੇਸ਼ਵਾਸੀਆਂ ਦੀ ਆਜ਼ਾਦੀ ਦੇ ਚਿਰੋਕਣੇ ਸੁਪਨੇ ਨੂੰ ਪੂਰਾ ਕੀਤਾ ਅਤੇ ਦੂਸਰੇ ਪਾਸੇ ਭਾਰਤ ਦੀ ਦੋ ਮੁਲਕਾਂ ਵਿੱਚ ਵੰਡ ਨੇ ਲੋਕਾਈ ਨੂੰ ਆਪਣੀਆਂ ਜੜ੍ਹਾਂ ਤੋਂ ਵਿਰਵਾ ਕਰ ਦਿੱਤਾ। ਵੱਢ-ਟੁੱਕ ਸਹਿੰਦੇ, ਘਰੋਂ ਬੇਘਰ, ਸਕੇ ਸੰਬੰਧੀਆਂ ਤੋਂ ਵਿਛੜੇ ਲੋਕ ਸਭਿਆਚਾਰ ਅਤੇ ਸੰਸਕ੍ਰਿਤਿਕ ਪੱਧਰ ’ਤੇ ਵੀਰਾਨ ਹੋ ਗਏ।ਲੋਕ ਮਨਾਂ ਉੱਪਰ ਇਸ ਖ਼ੂਨੀ ਵਰਤਾਰੇ ਦਾ ਸਦਮਾ ਇਨਾ ਗਹਿਰਾ ਸੀ ਕਿ ਅਜੇ ਤੱਕ ਵੀ ਇਸ ਨੂੰ ਭੁਲਾਇਆ ਨਹੀਂ ਜਾ ਸਕਿਆ। ਲੋਕ ਸਿਮਰਤੀ ਵਿੱਚ ਭਾਰਤ ਦੀ ਆਜ਼ਾਦੀ, ਰੌਲ਼ਿਆਂ ਵੇਲੇ ਹੱਲਿਆਂ ਵੇਲੇ ਦੇ ਰੂਪ ਵਿੱਚ ਵੱਸੀ ਹੋਈ ਹੈ। ਇਸ ਖ਼ੂਨੀ ਸਾਕੇ ਦੀ ਬਿਰਤਾਂਤਕਾਰੀ ਸਾਹਿਤ, ਇਤਿਹਾਸ ਅਤੇ ਕਲਾ ਦੇ ਵਿਭਿੰਨ ਰੂਪਾਂ ਵਿੱਚ ਵਿਭਿੰਨ ਤਰ੍ਹਾਂ ਨਾਲ ਹੋਈ ਮਿਲਦੀ ਹੈ।

ਦੇਸ਼ ਵੰਡ ਦੇ ਮਾਨਵ ਵਿਰੋਧੀ ਵਰਤਾਰੇ ਦਾ ਅਸਰ ਪੰਜਾਬੀ ਗਲਪ ਤੇ ਗਿਣਾਤਮਕ ਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਅਸਰਅੰਦਾਜ਼ ਹੋਇਆ। ਪੰਜਾਬੀ ਨਾਵਲ ਦੀ ਬਿਰਤਾਂਤਕਾਰੀ ਵਿੱਚ ਇਸ ਤ੍ਰਾਸਦੀ ਦੇ ਕਈ ਪ੍ਰਭਾਵ ਅਤੇ ਸਰੋਕਾਰ ਸਾਹਮਣੇ ਆਏ ਜਿਨਾਂ ਨੇ ਪੰਜਾਬ ਦੇ ਰਾਜਨੀਤਿਕ, ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਤਾਣੇ ਬਾਣੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਦੇਸ਼ ਵੰਡ ਨਾਲ ਸੰਬੰਧਿਤ ਬਿਰਤਾਂਤਾਂ ਸੰਬੰਧੀ ਅਹਿਮ ਸਵਾਲ ਇਤਿਹਾਸਕ ਅਤੇ ਸਾਹਿਤਿਕ ਬਿਰਤਾਂਤਾਂ ਦੀ ਪੇਸ਼ਕਾਰੀ ਦਾ ਹੈ। ਸਮਕਾਲ ਵਿੱਚ ਇਤਿਹਾਸਿਕ ਰਚਨਾਵਾਂ ਪ੍ਰਤੀ ਪਹੁੰਚ ਬਦਲੀ ਹੈ। ਅਜਿਹੇ ਵਿੱਚ ਇਤਿਹਾਸਕਾਰ ਦੇ ਵਿਅਕਤੀਗਤ ਅਨੁਭਵ ਅਤੇ ਵਿਚਾਰਧਾਰਾ ਇਤਿਹਾਸਿਕ ਰਚਨਾਵਾਂ ਦੀ ਸਿਰਜਣਾ ਵਿੱਚ ਮਹੱਤਵਪੂਰਨ ਕਾਰਕ ਵਜੋਂ ਕੰਮ ਕਰਦੀ ਹੈ।ਇਤਿਹਾਸਕਾਰ ਵੀ ਸਾਹਿਤਕਾਰ ਵਾਂਗ ਹੀ ਹੁੰਦਾ ਹੈ। ਉਹ ਵੀ ਸਮਕਾਲੀ ਯੁੱਗ ਪ੍ਰਸਥਿਤੀਆਂ,ਸਮੂਹਾਂ ਦੀ ਵਿਚਾਰਧਾਰਾ, ਸਮੂਹਿਕ ਅਵਚੇਤਨ ਅਤੇ ਧਾਰਨਾਵਾਂ ਤੋਂ ਮੁਕਤ ਨਹੀਂ ਹੁੰਦਾ।

ਵੰਡ ਤੋਂ ਪਹਿਲਾਂ ਹਿੰਦੂ,ਮੁਸਲਿਮ ਤੇ ਸਿੱਖਾਂ ਵਿੱਚ ਕੋਈ ਫਿਰਕੂ ਤਣਾਅ ਨਹੀਂ ਸੀ। ਸਾਰੇ ਆਪਸ ਵਿੱਚ ਮਿਲ ਕੇ ਰਹਿੰਦੇ ਸਨ ਪਰੰਤੂ ਜਿਵੇਂ ਅੰਗਰੇਜ਼ੀ ਰਾਜ ਦੇ ਸਮੇਂ ਇਸਾਈ ਮਿਸ਼ਨਰੀਆਂ ਵੱਲੋਂ ਧਰਮ ਪ੍ਰਚਾਰ ਵੱਧਣ ਲੱਗਦਾ ਹੈ ਤਾਂ ਹਿੰਦੂ, ਮੁਸਲਮਾਨ ਅਤੇ ਸਿੱਖਾਂ ਵਿੱਚ ਵੀ ਆਪੋ-ਆਪਣੇ ਧਰਮ ਅਤੇ ਪਛਾਣ ਬਾਰੇ ਭਾਵਨਾ ਵਿਕਸਿਤ ਹੋਣ ਲੱਗੀ ਪ੍ਰੰਤੂ ਵਧੇਰੇ

ਫਿਰਕੂ ਤਣਾਅ 1940 ਵਿੱਚ ਮੁਸਲਿਮ ਲੀਗ ਦੀ ਆਮਦ ਨਾਲ ਵਾਪਰਦਾ ਹੈ। 23 ਮਾਰਚ 1940 ਨੂੰ ਲਾਹੌਰ ਮਤੇ ਵਿੱਚ ਮੁਸਲਿਮ ਲੀਗ ਨੇ ਮੁਸਲਮਾਨਾਂ ਲਈ ਵੱਖਰੇ ਮੁਲਕ ਦੀ ਮੰਗ ਰੱਖੀ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਬਰਤਾਨੀਆ ਸਰਕਾਰ ਨੇ ਹਿੰਦੁਸਤਾਨ ਦੀ ਸੱਤਾ ਇਸ ਦੇ ਲੋਕਾਂ ਨੂੰ ਸੌਂਪਣ ਦਾ ਮਨ ਬਣਾ ਲਿਆ ਸੀ। ਮੁਸਲਿਮ ਲੀਗ ਇਸ ਦੇ ਉੱਤਰ ਪੱਛਮ ਅਤੇ ਉੱਤਰ ਪੂਰਬ ਦੇ ਮੁਸਲਿਮ ਬਹੁ ਗਿਣਤੀ ਵਾਲੇ ਸੂਬਿਆਂ ਦੇ ਆਧਾਰਿਤ ਵੱਖਰਾ ਮੁਲਕ ਬਣਾਉਣਾ ਚਾਹੁੰਦੀ ਸੀ। ਪੰਜਾਬ ਇਸ ਵਿੱਚ ਮੁੱਖ ਸੂਬਾ ਸੀ।ਮਾਊਂਟਬੈਟਨ ਰਾਹੀਂ ਦੇਸ਼ ਦੀ ਵੰਡ ਪਹਿਲਾਂ ਮਿੱਥੀ ਤਰੀਕ ਜੂਨ 1948 ਦੀ ਥਾਂ ਮੱਧ ਅਗਸਤ 1947 ਤੱਕ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਸੱਤਾ ਸੌਂਪਣ ਦੇ ਐਲਾਨ ਨਾਲ ਲੋਕਾਂ ਵਿੱਚ ਇੱਕਦਮ ਹਫੜਾ ਦਫੜੀ ਪੈ ਗਈ। 17 ਅਗਸਤ 1947 ਤੋਂ ਭਾਰਤ ਪਾਕਿਸਤਾਨ ਹੱਦਬੰਦੀ ਦੇ ਐਲਾਨ ਨਾਲ ਦੋਹਾਂ ਦੇਸ਼ਾਂ ਦੇ ਲੋਕਾਂ ਵਿੱਚ ਭਾਜੜ ਅਤੇ ਤਣਾਅ ਵੱਧਦਾ ਹੈ।ਪੰਜਾਬ ਦੀ ਵੰਡ ਦਾ ਫੈਸਲਾ ਨਾ ਤਾਂ ਪੰਜਾਬ ਦੀ ਆਮ ਜਨਤਾ ਦਾ ਫੈਸਲਾ ਸੀ ਅਤੇ ਨਾ ਹੀ ਉੱਚ ਵਰਗ, ਕੁਲੀਨ ਵਰਗ ਦਾ ਫੈਸਲਾ ਸੀ। ਇਹ ਫੈਸਲਾ ਅਸਲ ਵਿੱਚ ਸੱਤਾ ਪ੍ਰਾਪਤੀ ਦੀ ਹੋੜ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਹਾਈ ਕਮਾਨ ਅਤੇ ਮੁਸਲਿਮ ਲੀਗ ਨੇ ਲਿਆ। ਸਿੱਖਾਂ ਨਾਲ ਸਿਰਫ਼ ਵਾਇਸਰਾਏ ਨੇ ਸਲਾਹ ਮਸ਼ਵਰਾ ਹੀ ਕੀਤਾ ਕਿਉਂਕਿ ਪੰਜਾਬ ਵਿੱਚ ਸਿੱਖ ਘੱਟ ਗਿਣਤੀ ਵਿੱਚ ਸਨ।15 ਅਗਸਤ 1947 ਤੋਂ ਤਕਰੀਬਨ ਨਵੰਬਰ ਦੇ ਅੱਧ ਤੱਕ ਦੋਹਾਂ ਦੇਸ਼ਾਂ ਵਿੱਚ ਸੰਪਰਦਾਇਕ ਸਫਾਏ ਹਿਤ ਤਸ਼ੱਦਦ ਵਾਪਰਦਾ ਹੈ। ਅਜਿਹਾ ਖ਼ੂਨੀ ਸਾਕਾ ਹੋਣ ਦਾ ਪ੍ਰਮੁੱਖ ਕਾਰਨ ਰੈਡਕਲਿਫ਼ ਫੈਸਲੇ ਵੱਲੋਂ 17 ਅਗਸਤ ਨੂੰ ਕੀਤਾ ਹੱਦਬੰਦੀ ਦਾ ਐਲਾਨ ਹੈ ਜਦੋਂ ਕਿ ਦੋਵੇਂ ਦੇਸ਼ 14 ਅਤੇ 15 ਅਗਸਤ ਨੂੰ ਆਜ਼ਾਦ ਹੋ ਚੁੱਕੇ ਸਨ।ਇਸ ਐਲਾਨ ਦੇ ਸਮੇਂ ਵਿੱਚ ਭਾਵੇਂ ਤਿੰਨ ਚਾਰ ਦਿਨ ਦਾ ਫ਼ਰਕ ਸੀ ਪ੍ਰੰਤੂ ਇਹ ਸਮਾਂ ਅਢੁੱਕਵਾਂ ਸੀ ਕਿਉਂਕਿ ਲੱਖਾਂ ਲੋਕ ਹੱਦਬੰਦੀ ਦਾ ਪਤਾ ਨਾ ਹੋਣ ਕਰਕੇ ਗ਼ਲਤ ਪਾਸੇ ਰਹਿ ਗਏ ਸਨ। ਅਜਿਹੇ ਲੋਕ ਸੌਖਿਆਂ ਹੀ ਦੰਗਾਕਾਰੀਆਂ ਦਾ ਨਿਸ਼ਾਨਾ ਬਣੇ ਜੋ ਲੰਮੇ ਸਮੇਂ ਤੋਂ ਵਿਰੋਧੀਆਂ ਉੱਪਰ ਹਮਲੇ ਦੀ ਤਿਆਰੀ ਵਿੱਚ ਸਨ। ਇਸ ਦਾ ਨਤੀਜਾ ਅਣਕਿਆਸੇ ਕਤਲੇਆਮ ਵਿੱਚ ਨਿਕਲਿਆ। ਅਜਿਹੇ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਭੰਗ ਹੋ ਚੁੱਕੀ ਸੀ। ਭਾਰਤੀ ਅਤੇ ਪਾਕਿਸਤਾਨੀ ਸੁਰੱਖਿਆ ਬਲ ਵੀ ਪੱਖਪਾਤੀ ਹੋ ਗਏ ਸਨ।ਜਿਸ ਕਾਰਨ ਉਹਨਾਂ ਦੀ ਸ਼ਹਿ ਕਾਰਨ ਦੰਗਾਕਾਰੀਆਂ ਨੇ ਦਿਲ ਦਹਿਲਾ ਦੇਣ ਵਾਲੇ ਕਾਰਨਾਮਿਆਂ ਨੂੰ ਅੰਜ਼ਾਮ ਦਿੱਤਾ। ਅਜਿਹੇ ਵਿੱਚ

ਔਰਤਾਂ ਨੂੰ ਅਗਵਾ ਕਰਕੇ ਬਲਾਤਕਾਰ ਕੀਤਾ, ਉਹਨਾਂ ਦੀਆਂ ਛਾਤੀਆਂ ਵੱਢ ਦਿੱਤੀਆਂ, ਉਹਨਾਂ ਨੂੰ ਉਧਾਲ ਲਿਆ ਗਿਆ ਅਤੇ ਧਰਮ ਪਰਿਵਰਤਨ ਵੀ ਕੀਤਾ ਗਿਆ। ਇੱਥੇ ਹੀ ਬਸ ਨਹੀਂ ਬਲਾਤਕਾਰ ਕਰਨ ਉਪਰੰਤ ਉਹਨਾਂ ਦਾ ਬੇਰਹਿਮੀ ਨਾਲ ਕਤਲ ਵੀ ਕੀਤਾ ਗਿਆ। ਬੱਚਿਆਂ ਦੇ ਟੋਟੇ-ਟੋਟੇ ਕਰ ਦਿੱਤੇ ਗਏ ਤੇ ਨੇਜ਼ਿਆਂ ਵਿੱਚ ਪਰੋ ਦਿੱਤੇ ਗਏ। ਆਪਣੀ ਜਾਨ ਬਚਾ ਕੇ ਭੱਜੀਆਂ ਕੁਝ ਇਸਤਰੀਆਂ ਖ਼ੂਹ ਅਤੇ ਦਰਿਆਵਾਂ ਵਿੱਚ ਛਾਲ ਮਾਰ ਕੇ ਆਤਮਹੱਤਿਆ ਲਈ ਮਜਬੂਰ ਸਨ। ਦੋਹਾਂ ਦੇਸ਼ਾਂ ਤੋਂ ਆ ਰਹੀਆਂ ਰੇਲ ਗੱਡੀਆਂ ਵਿੱਚ ਕੱਟੀਆਂ ਵੱਡੀਆਂ ਲਾਸ਼ਾਂ, ਥਾਂ-ਥਾਂ ਤੇ ਵੱਢੇ ਮਨੁੱਖੀ ਅੰਗ, ਲਾਸ਼ਾਂ ਖਾ ਰਹੇ ਕੁੱਤੇ, ਲਹੂ ਦੀਆਂ ਘਰਾਲਾਂ, ਫੈਲ ਰਹੀ ਬਿਮਾਰੀ, ਯਤੀਮ ਬੱਚੇ ਤੇ ਵਿਛੜੇ ਪਰਿਵਾਰ ਅਤਿ ਦਰਦਨਾਕ ਵਰਤਾਰਾ ਹੈ।

'*ਰੌਲ਼ਿਆਂ ਵੇਲੇ*' ਬਲਬੀਰ ਪਰਵਾਨਾ ਰਚਿਤ ਵੰਡ ਦੀ ਇਸੇ ਮਹਾਂ-ਤ੍ਰਾਸਦੀ ਦੇ ਨਾਲ ਜੁੜਿਆ ਨਾਵਲ ਹੈ। ਇਸ ਵੰਡ ਦੇ ਅਣਕਿਆਸੇ ਤੇ ਅਣਚਾਹੇ ਕਿਸਮ ਦੇ ਕਹਿਰ, ਉਜਾੜੇ ਲਈ ਸਮੁੱਚੀ ਮਨੁੱਖਤਾ ਸਦੀਵੀਂ ਜ਼ਖ਼ਮਾਂ ਦੇ ਅਜਿਹੇ ਦਰਦ ਹੇਠ ਹੈ ਜੋ ਅਜੇ ਵੀ ਰਿਸਦੇ ਹਨ। ਇਸ ਉਜਾੜੇ ਦਾ ਕਾਰਨ ਧਾਰਮਿਕ ਪਛਾਣ ਅਤੇ ਦੋ ਵੱਖਰੀਆਂ-ਵੱਖਰੀਆਂ ਕੌਮਾਂ ਦਾ ਸਿਧਾਂਤ ਬਣਿਆ। ਹਿੰਦੂ ਅਤੇ ਮੁਸਲਮਾਨ ਦੋ ਅਲੱਗ-ਅਲੱਗ ਰਾਸ਼ਟਰ ਹੋਣ ਦਾ ਸਿਧਾਂਤ ਦੇ ਕੇ ਧਾਰਮਿਕਤਾ ਦੇ ਜਨੂੰਨ ਨੂੰ ਇਸ ਹੱਦ ਤੱਕ ਵਿਚਾਰਧਾਰਕ ਪੱਧਰ 'ਤੇ ਲੋਕਾਂ 'ਤੇ ਲਾਗੂ ਕਰਨ ਦੀ ਕੋਹਜੀ ਹਰਕਤ ਕੀਤੀ ਗਈ ਕਿ ਦੇਸ਼ ਦੀ ਰਾਖੀ ਕਰਨ ਵਾਲੇ ਫੌਜ ਤੇ ਪੁਲਿਸ ਕਰਮਚਾਰੀ ਵੀ ਇਸ ਸੰਪਰਦਾਇਕਤਾ ਦਾ ਸ਼ਿਕਾਰ ਹੋ ਗਏ। ਇਸ ਵਰਤਾਰੇ ਵਿੱਚ ਦਸ ਤੋਂ ਵੀਹ ਲੱਖ ਦੇ ਲੋਕ ਕਤਲੇਆਮ ਦਾ ਸ਼ਿਕਾਰ ਹੋਏ। ਲਗਭਗ ਇਕ ਕਰੋੜ ਤੋਂ ਵੱਧ ਲੋਕਾਂ ਨੂੰ ਆਪਣੇ ਭਰੇ ਭਰਾਏ ਘਰ ਛੱਡ ਕੇ ਪਲਾਨ ਕਰਨਾ ਪਿਆ। ਇਕ ਲੱਖ ਦੇ ਕਰੀਬ ਨੌਜਵਾਨ ਕੁੜੀਆਂ, ਔਰਤਾਂ ਦੇ ਉਧਾਲੇ ਹੋਏ, ਬਲਾਤਕਾਰ ਹੋਏ ਅਤੇ ਲੱਖਾਂ ਹੀ ਬੱਚੇ ਯਤੀਮ ਹੋ ਗਏ। ਅਜਿਹੇ ਵਿੱਚ ਜੋ ਲੋਕ ਬਚ ਬਚਾ ਕੇ ਆਏ, ਉਹਨਾਂ ਦੇ ਅੰਦਰ ਅੱਜ ਵੀ ਇਸ ਮਹਾਂ-ਤ੍ਰਾਸਦੀ ਦੀਆਂ ਰੂਹ ਕੰਬਾਂ ਦੇਣ ਵਾਲੀਆਂ ਯਾਦਾਂ ਦੇ ਜ਼ਖ਼ਮ ਅੱਲੇ ਹਨ। ਇਹ ਉਜਾੜਾ ਕੇਵਲ ਇੱਕ ਥਾਂ ਤੋਂ ਦੂਜੀ ਥਾਂ 'ਤੇ ਜਾਣਾ ਨਹੀਂ ਸੀ ਸਗੋਂ ਆਪਣੀਆਂ ਥਾਵਾਂ ਨਾਲ ਜੁੜੀਆਂ ਯਾਦਾਂ ਤੇਭਾਵਨਾਵਾਂ ਦਾ ਉਜਾੜਾ ਵੀ ਸੀ। ਵੰਡ ਦੀ ਪੀੜ ਨੂੰ ਮਨੁੱਖੀ ਅਵਚੇਤਨ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਵੰਡ ਦਾ ਪ੍ਰਭਾਵ ਕੇਵਲ ਪ੍ਰਭਾਵਿਤ ਪੀੜ੍ਹੀ ਤੱਕ ਸੀਮਿਤ ਨਹੀਂ ਸਗੋਂ ਅਗਲੇਰੀਆਂ ਪੀੜੀਆਂ ਦੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਅਤੇ ਨਿਸ਼ਚਿਤ ਕਰਨ ਵਿਚ

ਮਹੱਤਵਪੂਰਨ ਕਾਰਕ ਹੈ। ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੇ ਵੰਡ 'ਤੇ ਆਧਾਰਿਤ ਲਿਖਤਾਂ ਦੀ ਰਚਨਾ ਕੀਤੀ ਹੈ। ਸਾਹਿਤ ਵਿਚ ਕਵਿਤਾ, ਨਾਟਕ, ਕਹਾਣੀ, ਨਾਵਲ ਲਿਖਤੀ ਬਿਰਤਾਂਤਾਂ ਤੋਂ ਇਲਾਵਾ ਦ੍ਰਿਸ਼ ਪੇਸ਼ਕਾਰੀ ਭਾਵ ਫ਼ਿਲਮਾਂ ਅਤੇ ਯੂਟਿਊਬ ਰਾਹੀਂ ਮੌਖਿਕ ਪੇਸ਼ਕਾਰੀ ਮਿਲਦੀ ਹੈ। ਸਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਖੁਸ਼ਵੰਤ ਸਿੰਘ, ਬਲਵੰਤ ਸਿੰਘ, ਅਸ਼ਫਾਕ ਅਹਿਮਦ, ਰਾਮਾਨੰਦ ਸਾਗਰ, ਅਹਿਮਦ ਨਦੀਮ ਕਾਸਮੀ, ਅੰਮ੍ਰਿਤਾ ਪ੍ਰੀਤਮ, ਫੈਜ਼ ਅਹਿਮਦ ਫੈਜ਼ ਨੇ ਹਿੰਦੀ, ਉਰਦੂ ਤੇ ਪੰਜਾਬੀ ਵਿੱਚ ਵੰਡ ਦੇ ਨਾਲ ਸੰਬੰਧਿਤ ਉੱਚ ਕੋਟੀ ਦੀਆਂ ਰਚਨਾਵਾਂ ਕੀਤੀਆਂ। ਬਲਬੀਰ ਪਰਵਾਨਾ ਰਚਿਤ '*ਰੌਲ਼ਿਆਂ ਵੇਲੇ*' ਇੱਕ ਇਤਿਹਾਸਿਕ ਨਾਵਲ ਹੈ। ਇਸ ਵਿੱਚ ਵੰਡ ਦੇ ਸਮੇਂ ਦੇ ਇਤਿਹਾਸ ਦੀ ਪੁਨਰ ਪੇਸ਼ਕਾਰੀ ਹੋਈ ਹੈ। ਇਸ ਨਾਵਲ ਵਿਚ ਇਤਿਹਾਸਿਕ ਤੱਥਾਂ ਨੂੰ ਘਟਨਾਵੀਂ ਕ੍ਰਮ ਵਿਚ ਵਿਸ਼ੇਸ਼ ਅਰਥ ਸਿਰਜਣਾ ਰਾਹੀਂ ਪੇਸ਼ ਕਰਦੇ ਸਮੇਂ ਵਿਚਾਰਧਾਰਕ ਪ੍ਰਸੰਗ ਤੋਂ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਵਿੱਚ ਪ੍ਰਭਾਵਿਤ ਲੋਕਾਂ ਦੀਆਂ ਯਾਦਾਂ ਵਿੱਚੋਂ ਲੇਖਕ ਨੇ ਇਸ ਤ੍ਰਾਸਦੀ ਦੀਆਂ ਜੜ੍ਹਾਂ ਭਾਵ ਇਸ ਵੰਡ ਪਿੱਛੇ ਕਾਰਜਸ਼ੀਲ ਵਰਤਾਰਿਆਂ ਦੀ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਬੰਧੀ ਬਲਬੀਰ ਪਰਵਾਨਾ ਦੇ ਟਿੱਪਣੀ ਵਾਚੀ ਜਾ ਸਕਦੀ ਹੈ:

ਸੰਤਾਲੀ ਬੀਤੀ ਸਦੀ ਦੀ ਮਹਾਂ-ਤ੍ਰਾਸਦੀ ਹੈ, ਨਾ ਕੇਵਲ ਪੰਜਾਬ ਲਈ, ਜਿਸਨੇ ਇਹ 'ਵੱਢ ਟੁੱਕ' ਆਪਣੇ ਪਿੰਡੇ 'ਤੇ ਭੁਗਤੀ ਸਗੋਂ ਭਾਰਤ ਤੇ ਦੁਨੀਆਂ ਭਰ ਦੇ ਇਤਿਹਾਸ ਵਿੱਚ ਵੀ। ਅਮਨ-ਅਮਾਨ ਵੱਸਦੇ ਖਿੱਤੇ ਦੇ ਲੋਕਾਂ 'ਤੇ ਸੱਤਾ ਤੇ ਰਾਜਨੀਤੀ ਦੀ ਬਿੱਜ ਅਚਨਚੇਤ ਆਣ ਪਈ ਤੇ ਉਜਾੜਾ ਸ਼ੁਰੂ ਹੋ ਗਿਆ। ਇਕ ਕਰੋੜ ਤੋਂ ਵੱਧ ਪੰਜਾਬੀਆਂ ਨੂੰ ਭਰੇ-ਭਰਾਏ ਘਰ ਛੱਡ ਕੇ ਗਲ਼ ਦੇ ਕੱਪੜਿਆਂ ਨਾਲ; ਅੱਧ ਪਚੱਦੇ ਜੀਅ ਮਰਵਾ ਕੇ ਇੱਧਰੋਂ-ਉੱਧਰ, ਉੱਧਰੋਂ-ਇੱਧਰ ਆਉਣਾ ਜਾਣਾ ਪਿਆ। ਦਸ ਲੱਖ ਤੋਂ ਵੱਧ ਲੋਕ ਮਾਰੇ ਗਏ, ਇਕ ਲੱਖ ਦੇ ਲਗਭਗ ਨੌਜਵਾਨ ਕੁੜੀਆਂ ਔਰਤਾਂ ਦੇ ਉਧਾਲੇ ਹੋਏ, ਸਮੂਹਿਕ ਬਲਾਤਕਾਰਾਂ ਦੀਆਂ ਸ਼ਿਕਾਰਲੱਖਾਂ ਬੱਚੇ ਯਤੀਮ ਹੋ ਗਏ। ਇਹ ਦੁਖਾਂਤ ਰਾਜਨੀਤੀ ਦੀਆਂ ਬੇਲਗਾਮ ਖਾਹਿਸ਼ਾਂ ਦਾ ਵੀ ਕਰੂਰ ਰੂਪ ਹੋ ਨਿੱਬੜਿਆ; ਕੁਰਸੀ ਤੱਕ ਪਹੁੰਚਣ ਲਈ ਉਸਨੂੰ ਲਾਸ਼ਾਂ ਦੇ ਢੇਰਾਂ ਤੋਂ ਵੀ ਲੰਘਣਾ ਪਵੇ, ਉਸਨੂੰ ਕੋਈ ਹਿਚਕ ਨਹੀਂ ਆਉਂਦੀ।ਵਸੋਂ ਦਾ ਇਹ ਤਬਾਦਲਾ ਰਾਜਸੀ ਆਗੂਆਂ ਦੇ ਜਿਹਨ 'ਚ ਸਪਸ਼ਟ ਸੀ ਤੇ ਇਹ ਵੀ ਕਿ ਬਹੁਤ ਹੀ ਕਤਲੋਗਾਰਤ ਆਜ਼ਾਦੀ ਦੇ ਐਲਾਨ ਤੋਂ ਬਾਅਦ ਹੋਈ, ਜਦੋਂ ਦੋਹੀਂ ਪਾਸੇ ਆਜ਼ਾਦ ਹਕੂਮਤਾਂ ਹੋਂਦ 'ਚ ਆ ਚੁੱਕੀਆਂ ਸਨ। ਉਨਾਂ ਕਤਲੋਗਾਰਤ, ਲੁੱਟਮਾਰ, ਉਜਾੜੇ ਨੂੰ ਰੋਕਣ ਲਈ ਕੋਈ ਕਾਰਗਰ ਕਦਮ ਤਾਂ ਕੀ ਚੁੱਕਣੇ, ਉਲਟਾ ਆਪਣੇ

ਹਮਮਜ਼ਬੀ ਜਨੂੰਨੀਆਂ ਦੀ ਇਖ਼ਲਾਕੀ ਤੇ ਰਾਜਸੀ ਮਦਦ ਕਰ ਸਥਿਤੀ ਨੂੰ ਹੋਰ ਵੀ ਭਿਅੰਕਰ ਬਣਨ ਦਿੱਤਾ। ਇਸ ਦੁਖਾਂਤ ਦਾ ਇਹ ਵੀ ਦੁਖਾਂਤ ਹੈ ਕਿ ਰਾਜਨੀਤੀ ਨੇ ਹੀ ਜਨੂੰਨ ਭੜਕਾਇਆ, ਆਪ ਹੀ ਸਾਰੀ ਸਾਜ਼ਿਸ਼ ਘੜੀਪਰ ਸਮੁੱਚੀ ਕਤਲੋਗਾਰਤ, ਲੁੱਟ, ਉਜਾੜੇ ਨੂੰ ਧਰਮਾਂ ਦੇ ਖਾਤੇ 'ਚ ਪਾ ਕੇ, ਆਪ ਪਾਕ-ਪਵਿੱਤਰ ਵੀ ਬਣੀ ਰਹਿ ਗਈਤੇ ਕੁਰਬਾਨੀ ਦੀ ਪੁੰਜ ਬਣ ਗੱਦੀਆਂ ਦਾ ਨਿੱਘ ਮਾਨਣ ਲੱਗੀ। ਸਮਾਂ ਇਨ੍ਹਾਂ ਬਹੁਤ ਸਾਰੀਆਂ ਸਾਜ਼ਿਸ਼ਾਂ ਤੋਂ ਪਰਦਾ ਚੁੱਕ ਰਿਹਾ ਹੈ, ਕੁਝ ਚਿਹਰੇ ਨੰਗੇ ਹੋ ਰਹੇ ਹਨ ਭਾਵੇਂ ਬਹੁਤ ਕੁਝ ਤੋਂ ਪਰਦਾ ਚੁੱਕਿਆ ਜਾਣਾ ਅਜੇ ਬਾਕੀ ਹੈ। ਇਹ ਨਾਵਲ ਸੰਤਾਲੀ ਦੇ ਇਸ ਪਰਲੋਅ ਦੀ ਰਾਜਨੀਤੀ ਨੂੰ ਸਮਝਣ ਦਾ ਇੱਕ ਯਤਨ ਵੀ ਹੈ।[i]

'*ਰੌਲ਼ਿਆਂ ਵੇਲੇ*' ਨਾਵਲ ਵਿੱਚ ਨਾਵਲੀ-ਬਿਰਤਾਂਤ ਦਾ ਆਧਾਰ ਵੰਡ ਪ੍ਰਭਾਵਿਤ ਲੋਕਾਂ ਨੂੰ ਬਣਾਇਆ ਗਿਆ ਹੈ ਜਿਨ੍ਹਾਂ ਨੇ ਖ਼ੁਦ ਜਾਂ ਉਹਨਾਂ ਦੇ ਵੱਡੇ-ਵਡੇਰਿਆਂ ਨੇ ਇਸ ਤ੍ਰਾਸਦੀ ਨੂੰ ਖ਼ੁਦ ਆਪਣੇ ਪਿੰਡੇ 'ਤੇ ਹੰਢਾਇਆ ਹੈ। ਅਜਿਹੀ ਭਿਅੰਕਰ, ਖ਼ੌਫ਼ਨਾਕ ਤ੍ਰਾਸਦੀ ਵਿੱਚੋਂ ਕਿਸੇ ਤਰ੍ਹਾਂ ਜਾਨ ਬਚਾ ਕੇ ਆਏ ਲੋਕਾਂ ਰਾਹੀਂ ਉਹਨਾਂ ਦੀ ਹੱਡ ਬੀਤੀ ਨਾਵਲ ਵਿੱਚ ਪੇਸ਼ ਹੋਈ ਹੈ। ਅਜਿਹੀ ਪੀੜ ਜੋ ਉਹਨਾਂ ਦੀ ਸਿਮਰਤੀ ਵਿੱਚ ਡੂੰਘਾ ਘਰ ਕਰ ਚੁੱਕੀ ਹੈ। ਅਜਿਹੇ ਮੌਖਿਕ ਬਿਰਤਾਂਤਾਂ ਦੇ ਰਾਹੀਂ ਨਾਵਲੀ ਬਿਰਤਾਂਤ ਵਿੱਚ ਪੇਸ਼ ਵਿਸ਼ੇ ਨੂੰ ਸਜੀਵਤਾ ਤੇ ਪ੍ਰਮਾਣਿਕਤਾ ਹਾਸਿਲ ਹੋਈ ਹੈ। ਇਸ ਨਾਵਲ ਦੇ ਆਰੰਭ ਵਿੱਚ ਲੇਖਕ ਚੱਕ ਨੰਬਰ 176, ਤਹਿਸੀਲ ਚੀਚਾ ਵਤਨੀ, ਜ਼ਿਲ੍ਹਾ ਸਾਹੀਵਾਲ ਤੋਂ ਮਾਨਸਾ ਦੇ ਪਿੰਡ ਬੀਰੇਵਾਲਾ ਡੋਗਰਾਂ ਵਿੱਚ ਆ ਕੇ ਵਸੇ ਬਾਬਾ ਮਹਿੰਦਰ ਸਿੰਘ ਦੀ ਕਵਿਤਾ ਰਾਹੀਂ ਇਸ ਹੋਣੀ ਨੂੰ ਪੇਸ਼ ਕੀਤਾ ਹੈ:

15 ਤਰੀਕ ਸੀ ਐਲਾਨ ਸੀ ਆਜ਼ਾਦੀ ਦਾ
ਮਿਲਿਆ ਸੁਨੇਹਾ ਜੱਗ ਦੀ ਬਰਬਾਦੀ ਦਾ
ਜੱਗ ਉੱਤੇ ਮੱਚਿਆ ਸੀ ਘੱਲੂਕਾਰ ਜੀ
ਸੜਕਾਂ ਤੇ ਰੋਂਦੇ ਲੋਕੀ ਧਾਂਹੀ ਮਾਰ ਜੀ
ਅੱਗੇ ਪਿੱਛੇ ਜਿਹੜੇ ਸਰਦਾਰ ਕਹਾਉਂਦੇ ਸੀ
ਸਿਰੋਂ ਪੈਰੋ ਉਹ ਵੀ ਨੰਗੇ ਤੁਰੇ ਆਉਂਦੇ ਸੀ
ਲੁੱਟ ਲਏ ਸੀ ਉਹਨਾਂ ਵਾਲੇ ਘਰਬਾਰ ਜੀ
ਸੜਕਾਂ ਤੇ ਰੋਂਦੇ ਲੋਕੀ ਧਾਂਹੀ ਮਾਰ ਜੀ।[ii]

ਵੰਡ ਦਾ ਅੰਤ ਅਮਾਨਵੀ ਕਾਰਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਤਲੇਆਮ ਹੋਇਆ। ਔਰਤਾਂ ਨੂੰ ਬਲਾਤਕਾਰ ਤੇ ਉਧਾਲੇ ਦਾ ਸ਼ਿਕਾਰ ਹੋਣਾ ਪਿਆ। ਲੋਕਾਂ ਨੂੰ ਜਬਰਨ ਪ੍ਰਵਾਸ ਕਰਨਾ ਪਿਆ। ਇੱਕ ਅਣਚਾਹਿਆ ਤੇ ਅਣਕਿਆਸਿਆ ਵਰਤਾਰਾ ਵਾਪਰਿਆ ਜਿਸ ਦੀ ਕਿਸੇ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ। ਸਿਆਸਤਦਾਨਾਂ ਵੱਲੋਂ ਸੰਪਰਦਾਇਕ ਤੇ ਰਾਸ਼ਟਰਵਾਦੀ ਬਿਆਨਬਾਜ਼ੀ ਦੇ ਵਿਚਾਰਧਾਰਕ ਪੈਂਤੜੇ ਰਾਹੀਂ ਆਮ ਜਨਤਾ ਨੂੰ ਇਸ ਕਦਰ ਭੜਕਾਇਆ ਗਿਆ ਕਿ ਸਿੱਟੇ ਵਜੋਂ ਹਿੰਦੂ, ਮੁਸਲਮਾਨਾਂ ਤੇਸਿੱਖਾਂ ਦੀ ਭਾਈਚਾਰਕ ਸਾਂਝ ਫਿਰਕੂ ਦੰਗਿਆਂ ਵਿੱਚ ਬਦਲ ਗਈ।

ਕਿਸੇ ਵੀ ਸਾਹਿਤਕਾਰ ਦਾ ਰਚਨਾ ਕਰਨ ਪਿੱਛੇ ਇੱਕ ਖਾਸ ਉਦੇਸ਼ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਨਾਵਲ ਦਾ ਉਦੇਸ਼ ਵੀ ਨਿਰਾਪੁਰਾ ਵੰਡ ਦੇ ਦੁਖਾਂਤ ਨੂੰ ਪੇਸ਼ ਕਰਨਾ ਨਹੀਂ ਸਗੋਂ ਇਸ ਦੁਖਾਂਤ ਦੀਆਂ ਜੜ੍ਹਾਂ ਦੀ ਤਲਾਸ਼ ਕਰਨਾ ਹੈ। ਇਸ ਨਾਵਲ ਦਾ ਮੁੱਖ ਪਾਤਰ ਗੁਰਪ੍ਰੀਤ ਹੈ ਜੋ ਸੰਤਾਲੀ ਦੇ ਦੌਰ ਦੀ ਤ੍ਰਾਸਦੀ ਨਾਲ ਸੰਬੰਧਿਤ ਖੋਜ-ਕਾਰਜ ਕਰਦਾ ਹੈ ਅਤੇ ਵੀਡੀਓਗ੍ਰਾਫੀ ਕਰਕੇ ਆਪਣੇ ਯੂਟਿਊਬ ਚੈਨਲ 'ਤੇ ਪਾਉਂਦਾ ਰਹਿੰਦਾ ਹੈ। ਉਸ ਦੇ ਅਧਿਐਨ ਦਾ ਖੇਤਰ ਦਸੂਹਾ ਤਹਿਸੀਲ ਦਾ ਹੈ। ਉਹ ਵੱਖੋ-ਵੱਖਰੀਆਂ ਥਾਵਾਂ 'ਤੇ ਜਾ ਕੇ ਉੱਥੇ ਇਸ ਤ੍ਰਾਸਦੀ ਦਾ ਸ਼ਿਕਾਰ ਹੋਏ ਲੋਕਾਂ ਨਾਲ ਗੱਲਬਾਤ ਕਰਕੇ ਕੋਈ ਅਹਿਮ ਸੁਰਾਗ ਲੱਭਣ ਦਾ ਯਤਨ ਕਰਦਾ ਹੈ। ਇਸ ਨਾਵਲ ਵਿੱਚ ਆਏ ਪਾਤਰ ਮਾਈ ਸੋਧਾਂ, ਚੁੰਨੀ ਲਾਲ, ਹਰਨਾਮ ਸਿੰਘ ਬਾਜਵਾ, ਪ੍ਰੋਫ਼ੈਸਰ ਜੋਗਿੰਦਰ ਸਿੰਘ, ਉਜਾਗਰ ਸਿੰਘ, ਸ਼ੇਰ ਮੁਹੰਮਦ ਫੈਸਲਾਬਾਦ ਤੋਂ ਆਬਿਦਾ ਦੇ ਦਾਦਾ ਜੀ ਦੁਆਰਾ ਸੁਣਾਏ ਬਿਰਤਾਂਤ ਨਾਵਲੀ-ਬਿਰਤਾਂਤ ਦਾ ਆਧਾਰ ਬਣੇ ਹਨ।ਮਾਈ ਸੋਧਾਂ ਦਾ ਪਿੰਡ ਨਾਰੂ ਜੋ ਕਿ ਮੁਸਲਮਾਨਾਂ ਦਾ ਹੀ ਪਿੰਡ ਸੀ, ਪੰਜਾਬ ਵਿੱਚ ਰਹਿ ਗਿਆ ਸੀ ਪ੍ਰੰਤੂ ਜਦੋਂ ਰੌਲੇ ਪਏ ਤਾਂ ਜਾਨ ਬਚਾਉਣ ਲਈ ਸਿੱਖਾਂ ਦੇ ਪਿੰਡ ਨਿਹਾਲਪੁਰ ਭੱਜ ਤੁਰੇ। ਅੱਠ ਦਸ ਦਿਨ ਬਾਅਦ ਜਦੋਂ ਵਾਪਸ ਪਿੰਡ ਮੁੜੇ ਤਾਂ ਸਭ ਕੁਝ ਉਜੜਿਆ,ਚੋਰੀ, ਛੱਤਾਂ ਸੜੀਆਂ ਹੋਈਆਂ,ਲਾਸ਼ਾਂ ਦਾ ਢੇਰ। ਸੋਧਾਂ ਦੀਆਂ ਗੱਲਾਂ ਵਿੱਚੋਂ ਕਨਸੋਅ ਮਿਲਦੀ ਹੈ ਕਿ ਦੇਖਦਿਆਂ ਹੀ ਦੇਖਦਿਆਂ ਆਪਸੀ ਸਾਂਝ ਦੁਸ਼ਮਣੀ ਵਿੱਚ ਬਦਲ ਜਾਂਦੀ ਹੈ।

88-89 ਸਾਲ ਦਾ ਚੁੰਨੀ ਲਾਲ ਹੰਜਾਲ ਪਿੰਡ ਤੋਂ ਜਿਸ ਦੀ ਸੁਰਤੀ ਅਜੇ ਕਾਇਮ ਸੀ ਤੋਂ ਵੀ ਗੁਰਪ੍ਰੀਤ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਚੁੰਨੀ ਲਾਲ ਰਾਹੀਂ ਮੁਸਲਮਾਨਾਂ ਨਾਲ ਭਾਈਚਾਰਕ ਸਾਂਝ ਰਾਅ ਸਾਹਿਬ ਦੇ ਪ੍ਰਸੰਗ ਵਿਚ ਪੇਸ਼ ਹੁੰਦੀ ਹੈ। ਉਸ ਸਮੇਂ ਸਾਂਝੇ ਮੇਲੇ ਲੱਗਦੇ। ਕੁਤਬੇ ਸ਼ਾਹ ਦੀ ਮਜ਼ਾਰ 'ਤੇ ਸਭ ਨੂੰ ਆਉਣ ਦੀ ਖੁੱਲ੍ਹ ਹੁੰਦੀ ਸੀ।

ਪੰਘੂੜੇ, ਭੰਡ, ਮਰਾਸੀ ਆਉਂਦੇ, ਭਲਵਾਨਾਂ ਦੇ ਘੋਲ ਹੁੰਦੇ। ਹਿੰਦੂ, ਸਿੱਖ, ਮੁਸਲਮਾਨਾਂ ਸਾਰੇ ਮੇਲਾ ਵੇਖਣ ਆਉਂਦੇ। ਸ਼ਿੰਗਾਰੇ ਹੋਏ ਘੋੜੇ, ਘੋੜ ਦੌੜ ਤੇ ਮੇਲੇ ਵਿਚ ਮਿਠਾਈਆਂ ਦੀਆਂ ਦੁਕਾਨਾਂ, ਔਰਤਾਂ ਦੇ ਨਿੱਕ-ਸੁੱਕ ਦਾ ਸਮਾਨ ਮੇਲੇ ਵਿਚ ਖਿੱਚ ਦਾ ਕੇਂਦਰ ਹੁੰਦੇ। ਰਾਅ ਸਾਹਿਬ ਘੋਲ ਅਤੇ ਦੌੜਾਂ ਜਿੱਤਣ ਵਾਲਿਆਂ ਦੀ ਹੌਂਸਲਾ ਅਫ਼ਜਾਈ ਕਰਦੇ ਪ੍ਰੰਤੂ ਇਹ ਭਾਈਚਾਰਕ ਸਾਂਝ ਬਹੁਤਾ ਚਿਰ ਕਾਇਮ ਨਾ ਰਹਿ ਸਕੀ। ਪਾਕਿਸਤਾਨ ਦਾ ਐਲਾਨ ਹੋਣ ਦੇ ਰਾਅ ਸਾਹਿਬ ਨੂੰ ਵੀ ਮਿਲਟਰੀ ਨੇ ਪੱਤਣ ਤੋਂ ਪਾਰ ਲੰਘਾ ਦਿੱਤਾ। ਲੁੱਟ ਮਾਰ ਹੱਲੇ ਸ਼ੁਰੂ ਹੋ ਜਾਂਦੇ ਹਨ। ਚੁੰਨੀ ਲਾਲ ਦਾ ਪਿੰਡ ਮੁਸਲਮਾਨਾਂ ਦਾ ਹੋਣ ਕਰਕੇ ਘਬਰਾਹਟ ਸੁਭਾਵਿਕ ਸੀ ਪ੍ਰੰਤੂ ਰਾਅ ਸਾਹਿਬ ਉਹਨਾਂ ਨੂੰ ਹੌਸਲਾ ਦਿੰਦੇ:

ਰਾਅ ਸਾਹਿਬ ਨੂੰ ਪਤਾ ਲੱਗਾ ਤਾਂ ਸਾਡੇ ਘਰਾਂ ਚ ਆ ਕੇ ਹੌਸਲਾ ਦਿੱਤਾ,'ਤਸੱਲੀ ਨਾਲ ਬੈਠੇ ਰਹੋ..... ਮੇਰੇ ਹੁੰਦਿਆਂ ਤੁਹਾਡੀ ਵਾ ਵੱਲ ਨੀ ਕੋਈ ਦੇਖ ਸਕਦਾ। ਜੇ ਕੋਈ ਘਬਰਾਹਟ ਹੈ ਤਾਂ ਦੀਵਾਨਖਾਨੇ ਚ ਆ ਜਾਓ...[iii]

ਨਾਵਲ ਵਿੱਚ ਵੱਖੋ-ਵੱਖਰੇ ਪਾਤਰ ਵੰਡ ਤੋਂ ਪਹਿਲਾਂ ਸਥਾਨਕ ਅਤੇ ਨਿੱਜੀ ਪੱਧਰ ’ਤੇ ਤਿੰਨ ਭਾਈਚਾਰਿਆਂ ਦੇ ਰੂਪ ਵਿੱਚ ਇੱਕ-ਦੂਜੇ ਨਾਲ ਮਿਲਦੇ ਵਰਤਦੇ ਸਨ। ਖੇਤੀਬਾੜੀ ਪ੍ਰਮੁੱਖ ਆਰਥਿਕ ਆਧਾਰ ਹੋਣ ਕਰਕੇ ਵੱਖ-ਵੱਖ ਜਾਤਾਂ ਅਤੇ ਬਰਾਦਰੀਆਂ ਆਪੋ-ਆਪਣਾ ਯੋਗਦਾਨ ਦਿੰਦੀਆਂ ਸਨ। ਵਿਆਹ ਸ਼ਾਦੀਆਂ, ਮਰਨੇ ਦੀਆਂ ਰਸਮਾਂ ਵਿੱਚ ਸਾਰੇ ਸ਼ਾਮਿਲ ਹੁੰਦੇ ਸਨ। ਮੁਸਲਮਾਨ ਤੇ ਹਿੰਦੂ ਆਪਸ ਵਿਚ ਬਣਿਆਖਾਣਾ ਖਾ ਲੈਂਦੇ ਸਨ। ਸਭ ਦੇ ਸਾਂਝੇ ਪੀਰ ਫਕੀਰ, ਆਪਸੀ ਆਸਥਾਵਾਂ ’ਤੇ ਕਿਸੇ ਵੀ ਮਜ਼ਹਬ ਦੇ ਬਾਬੇ ਤੇਹਕੀਮ ਤੋਂ ਮਦਦ ਲੈ ਸਕਦੇ ਸਨ। ਹਿੰਦੂ, ਮੁਸਲਮਾਨ ਤੇ ਸਿੱਖ ਭਾਈਚਾਰੇ ਦੇ ਲੋਕ ਮਨੁੱਖਤਾ ਦੇ ਸਾਂਝੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਤਿੰਨਾਂ ਭਾਈਚਾਰਿਆਂ ਵਿੱਚ ਆਪਸੀ ਆਸਥਾਵਾਂ ਗੁੰਝਲਦਾਰ ਪਰਤਾਂ ਵਾਲੀਆਂ ਸਨ। ਨਾਵਲੀ-ਬਿਰਤਾਂਤ ਵਿੱਚ ਲੇਖਕ ਇਸ ਨੁਕਤੇ ਨੂੰ ਸਾਂਝੀ ਆਸਥਾ ਰਾਹੀਂ ਪੇਸ਼ ਕਰਦਾ ਹੈ:

ਸ਼ਾਇਦ ਧਰਮ ਜਦੋਂ ਗੁਰਤਾ ਅਖ਼ਤਿਆਰ ਕਰਦਾ ਹੈ ਤਾਂ ਉਹ ਇੱਕ ਖਾਸ ਫਿਰਕੇ ਤੱਕ ਸੀਮਤ ਹੋ ਜਾਂਦਾ, ਪਰ ਆਸਥਾ ਕਿਸੇ ਵੀ ਰੰਗ ਚ ਹੋਵੇ, ਲੋਕ ਮਨਾਂ ਚ ਸਾਂਝੀ ਹੁੰਦੀ ਹੈ, ਉਹਨਾਂ ਨੂੰ ਰਾਹਤ ਦਿੰਦੀ। ਧਰਮ ਉਨਾਂ ਨੂੰ ਮੁਕਤੀ ਦਾ ਰਾਹ ਦੱਸਦਾ ਹੈ ਪਰ ਖਾਨਗਾਹਾਂ, ਮਜ਼ਾਰਾਂ, ਡੇਰਿਆਂ ਦੇ ਸਾਂਈ ਲੋਕ ਉਨਾਂ ਨੂੰ ਮੁਸੀਬਤਾਂ, ਦੁੱਖਾਂ, ਗਮਾਂ ਤੂੰ ਰਾਹਤ ਦਾ ਭਰੋਸਾ ਦਿੰਦੇ..... ਮਜ਼ਹਬਾਂ ਤੂੰ ਉੱਪਰ ਉੱਠ ਕੇ ਬਾਬਾ ਨਾਨਕ ਤੇ ਸੂਫੀਆਂ ਦੀ ਸਮਝ, ਪੰਜਾਬ ਦੀ

ਰਗ ਰਗ ਚ ਵਸੀ ਹੋਈ ਸੀ। ਵਕਤੀ ਉਬਾਲ ਹੜ੍ਹ ਵਾਂਗ ਇਸ ਸਮਝ ਦੇ ਉੱਪਰੋਂ ਦੀ ਵਹਿ ਤਾਂ ਸਕਦਾ ਪਰ ਇਸ ਦੀਆਂ ਜੜਾਂ ਨੂੰ ਨਹੀਂ ਹਿਲਾ ਸਕਦਾ। ਇਹੀ ਆਸਥਾ ਨਾਨਕ ਨੂੰ ਪੀਰ ਮੰਨ ਕੇ ਲਹਿੰਦੇ ਪੰਜਾਬ ਚ ਸਿਜਦਾ ਕਰਦੀ ਹੈ ਤੇ ਇਹੀ ਆਸਥਾ ਚੜਦੇ ਪੰਜਾਬ ਚ ਸੂਫੀ ਫਕੀਰਾਂ ਦੇ ਮਜ਼ਾਰਾਂ ਤੇ ਦੀਵੇ ਜਗਾਉਣ ਲਈ ਪ੍ਰੇਰਦੀ।[iv]

ਇਨ੍ਹਾਂ ਵੱਖੋ-ਵੱਖਰੇ ਪਾਤਰਾਂ ਰਾਹੀਂ ਜੋ ਯਥਾਰਥ ਪੇਸ਼ ਹੁੰਦਾ ਹੈ, ਉਸ ਰਾਹੀਂ ਬਹੁਤ ਕੁਝ ਸਾਹਮਣੇ ਆਉਂਦਾ ਹੈ। ਦੂਸਰੇ ਪਾਸੇ ਹਕੀਕਤ ਇਹ ਹੈ ਕਿ ਸੰਤਾਲੀ ਨਾਲ ਜੁੜੇ ਇਹਨਾਂ ਪਾਤਰਾਂ, ਥਾਵਾਂ ਦਾ ਸੱਚ ਅਜਿਹਾ ਸੱਚ ਹੈ ਜੋ ਹਮੇਸ਼ਾਂ ਸਥਿਰ ਤੇਸਦੀਵੀ ਨਹੀਂ ਰਹਿਣ ਵਾਲਾ। ਇਹ ਦੁਨੀਆਂ ਬਦਲਣਸ਼ੀਲ ਤੇਵਿਕਾਸਸ਼ੀਲ ਹੈ। ਸੱਤਾ ਇਸ ਨੂੰ ਆਪਣੇ ਹਿੱਤਾਂ ਅਨੁਸਾਰ ਬਦਲਦੀ ਆਈ ਹੈ ਤੇ ਬਦਲਦੀ ਰਹੇਗੀ ਵੀ। ਜ਼ਰੂਰੀ ਹੈ ਹਿੱਤਾਂ ਦੇ ਆਧਾਰ ’ਤੇ ਬਦਲਦਿਆਂ ਹਰ ਇੱਕ ਦੇ ਹਿੱਤ ਨੂੰ ਬਣਦਾ ਥਾਂ ਦਿੱਤਾ ਜਾਵੇ ਜਾਂ ਜੋ ਬਦਲਾਅ ਵਿਨਾਸ਼ਕਾਰੀ ਨਾ ਹੋਵੇ। ਕੋਈ ਵੀ ਭਾਈਚਾਰਾ, ਕੌਮ ਮੂਲ ਰੂਪ ਵਿੱਚ ਫਿਰਕਾਪ੍ਰਸਤ,ਦੰਗਈ ਨਹੀਂ ਹੁੰਦੇ ਪ੍ਰੰਤੂ ਵਿਚਾਰਧਾਰਕ ਉਪਕਰਣਾਂ ਰਾਹੀਂ ਸੱਤਾਧਾਰੀ ਧਿਰ ਇਹਨਾਂ ਨੂੰ ਆਪਸ ਵਿੱਚ ਪਾੜਨੋਂ ਗੁਰੇਜ਼ ਨਹੀਂ ਕਰਦੀ। ਅਜਿਹੇ ਆਗੂਆਂ ਨੇ ਲੋਕਾਂ ਨੂੰ ਭੀੜ ਵਿੱਚ ਤੇ ਭੀੜ ਤੋਂ ਹਥਿਆਰਬੰਦ ਗਰੋਹ ਕਾਇਮ ਕੀਤੇ। ਇਹਨਾਂ ਗਰੋਹਾਂ ਨੇ ਅੱਗੇ ਅਮਾਨਵੀ ਵਾਰਦਾਤਾਂ ਨੂੰ ਅੰਜਾਮ ਦਿੱਤਾ। ਮਨੁੱਖੀ ਮਨ ਦੀ ਮੂਲ ਪ੍ਰਵਿਰਤੀ ਕਬਜ਼ੇ ਦੀ ਸੱਤਾ ਦੀ ਹੈ ਚੌਧਰ ਦੀ ਹੈ ਜੋ ਰੂਪ ਬਦਲ ਕੇ ਕਦੇ ਸਿਕੰਦਰ ਕਦੇ ਅਸ਼ੋਕ, ਬਾਬਰ, ਨਿਪੋਲੀਅਨ, ਹਿਟਲਰ ਤੇ ਸਟਾਲਿਨ ਦੇ ਰੂਪ ਵਿਚ ਕਾਬਜ਼ ਹੋਣ ਦੀ ਕੋਸ਼ਿਸ਼ ਵਿਚ ਰਹੀ ਹੈ। ਅੰਗਰੇਜ਼ਾਂ ਨੇ ਮਾਲੀਆ ਵਧਾਉਣ ਖ਼ਾਤਿਰ ਖੇਤੀ ਨੂੰ ਨਵੀਆਂ ਲੀਹਾਂ ’ਤੇ ਤੋਰਿਆ। ਬਾਰਾਂ ਦੇ ਮੂਲ ਵਾਸ਼ਿੰਦੇ ਜਾਂਗਲੀ ਉੱਥੋਂ ਉਜੜੇ ਅਤੇ ਹੋਰਾਂ ਨੂੰ ਜ਼ਮੀਨਾਂ ਆਲਾਟ ਹੋਈਆਂ। ਇਸ ਤਰ੍ਹਾਂ ਇਹ ਉਜਾੜੇ ਸ਼ੁਰੂ ਤੋਂ ਵਾਪਰਦੇ ਰਹੇ ਹਨ ਪ੍ਰੰਤੂ ਉਹਨਾਂ ਦੀ ਭਾਸ਼ਾ ਅਤੇ ਹਿੱਤ ਬਦਲਦੇ ਰਹੇ ਹਨ। ਸੰਤਾਲੀ ਵੀ ਆਜ਼ਾਦੀ ਦੇ ਨਾਂ ’ਤੇ ਹੋਈ। ਸੱਤਾ ਪ੍ਰਾਪਤੀ ਦੀ ਖੇਡ ਨੂੰ ਸਮਝਣ ਦੀ ਲੋੜ ਹੈ। ਦੇਸ਼ ਵੰਡ ਦੇ ਇਸ ਅਣਸੁਲਝੇ ਦੁਖਾਂਤ ਦੀ ਨਿਰੰਤਰਤਾ ਵਿਚ ਗੁਜਰਾਤ ਦੰਗੇ, ਬਾਬਰੀ ਮਸਜਿਦ, ਰਾਮ ਮੰਦਿਰ ਕਾਂਡ ਨਾਲ ਇਹ ਲੜੀ ਤੁਰਦੀ ਰਹਿੰਦੀ ਹੈ। ਅਸੀਂ ਸੰਤਾਲੀ ਦੀ ਵੰਡ ਦੇ ਕਾਰਨਾਂ ਨੂੰ ਸੁਚੇਤ ਰੂਪ ਵਿਚ ਅਜੇ ਵੀ ਨਾ ਸਮਝਣ ਕਰਕੇ ਵਾਰ-ਵਾਰ ਕੀਮਤ ਚੁਕਾ ਰਹੇ ਹਾਂ।ਇਸ ਤਰ੍ਹਾਂ ਦੇ ਸੰਕਟ ਵਾਰ-ਵਾਰ ਵਾਪਰਨ ਦੀ ਗੱਲ ਹਿੰਦੀ ਨਾਵਲ ‘*ਤਮਸ*’ ਦੇ ਲੇਖਕ ਭੀਸ਼ਮ ਸਾਹਨੀ ਨੇ ਵੀ ਸਵਿਕਾਰੀ

ਹੈ। ਉਸਨੇ ਬੰਬਈ ਦੰਗਿਆ[v] ਕਾਰਨ ਤਾਜਾ ਹੋਈ ਵੰਡ ਦੀ ਯਾਦ ਪੁਨਰ ਪੇਸ਼ਕਾਰੀ ਕਰਦਿਆਂ ਦੇਸ਼-ਵੰਡ ਬਾਰੇ ਨਾਵਲ ਲਿਖਿਆ।

'*ਰੌਲ਼ਿਆਂ ਵੇਲੇ*' ਵਿੱਚ ਆਬਿਦਾ ਅਜਿਹੀ ਪਾਤਰ ਹੈ ਜਿਸ ਦੀ ਸੋਸ਼ਲ ਮੀਡੀਆ ਰਾਹੀਂ ਗੁਰਪ੍ਰੀਤ ਨਾਲ ਜਾਣ-ਪਛਾਣ ਹੁੰਦੀ ਹੈ। ਆਬਿਦਾ ਦਾ ਕੈਨੇਡਾ ਦੇ ਸ਼ਹਿਰ ਮੋਂਟਰੀਅਲ ਵਿੱਚ ਪੀਐੱਚ.ਡੀ. ਕਰ ਰਹੀ ਹੈ। ਉਨ੍ਹਾਂ ਦਾ ਪਿਛੋਕੜ ਪੰਜਾਬ ਦਾ ਹੈ। ਦਸੂਹਾ ਮੁਕੇਰੀਆਂ ਦੇ ਨੇੜੇ ਬਬਨਗੜ੍ਹ ਵਿੱਚ ਉਹਨਾਂ ਦੇ ਪੁਰਖਿਆਂ ਦਾ ਘਰ ਸੀ। ਉਸਦੇ ਦੱਸਣ ਮੁਤਾਬਿਕ ਉਸਦੇ ਦਾਦੇ ਨੇ ਇੱਕ ਡਾਇਰੀ ਲਿਖੀ ਸੀ ਜਿਸ ਵਿੱਚ ਕੁਝ ਜਾਣਕਾਰੀ ਮਿਲ ਸਕਦੀ ਹੈ। ਵੈਸੇ ਹਰ ਦੱਸਣ ਵਾਲੇ ਤੇ ਲਿਖਣ ਵਾਲੇ ਦਾ ਆਪਣਾ ਨਜ਼ਰੀਆ ਹੁੰਦਾ ਹੈ ਪਰ ਫਿਰ ਵੀ ਉਸ ਵਿੱਚੋਂ ਬਹੁਤਾ ਕੁਝ ਗ਼ੈਰ ਹਾਜ਼ਰ ਨਹੀਂ ਹੁੰਦਾ ਕਾਫ਼ੀ ਕੁਝ ਫੜਿਆ ਜਾ ਸਕਦਾ ਹੈ। ਭਾਵੇਂ ਕਿ ਉੱਜੜ ਕੇ ਆਈ ਪੀੜ੍ਹੀ ਤੇ ਅਗਲੀ ਪੀੜ੍ਹੀ ਲਈ ਇਸ ਦੁਖਾਂਤ ਦਾ ਪ੍ਰਵਚਨ ਵੱਖੋ-ਵੱਖਰਾ ਹੈ: ਆਬਿਦਾ ਜੀ, ਇੱਕ ਗੱਲ ਨੋਟ ਕਰਨੀ। ਸਾਡੀ ਪੀੜੀ ਇਸ ਦੌਰ ਨੂੰ ਸੰਤਾਲੀ ਜਾਂ ਆਜ਼ਾਦੀ ਨਾਲ ਜੋੜ ਕੇ ਦੇਖਦੀ ਹੈ। ਸਾਡੇ ਮਾਂ ਬਾਪ ਵੰਡ ਨਾਲ ਜੋੜ ਕੇ। ਉਨਾਂ ਦੇ ਮਾਪੇ, ਜਿਨ੍ਹਾਂ ਨੇ ਇਹ ਸੰਤਾਪ ਹੱਡਾਂ ਤੇ ਹੰਡਾਇਆ ਉਹਨਾਂ ਲਈ ਇਹ ਵੱਢ ਵਢਾਈ, ਰੌਲ਼ਿਆਂ ਵੇਲਾ ਜਾਂ ਲੁੱਟ ਵੇਲਾ ਸੀ, ਹੱਲਿਆਂ ਦਾ ਵੇਲਾ। ਸਮਾਂ ਆਪਣੇ ਬਿਰਤਾਂਤ ਬਦਲਦਾ ਰਹਿੰਦਾ...... ਸਾਕੇ ਹੌਲੀ ਹੌਲੀ ਪ੍ਰਵਚਨ ਅਨੁਸਾਰ ਢਲਦੇ ਰਹਿੰਦੇ, ਤਲਖੀਆਂ ਦੀ ਚੁਬਣ ਮਰਦੀ ਰਹਿੰਦੀ ਹੈ ਉਹਨਾਂ ਚੋਂ[vi]

ਨਾਵਲ ਵਿੱਚ ਆਬਿਦਾ ਤੇ ਗੁਰਪ੍ਰੀਤ ਦੀ ਕੜੀ ਨਾਵਲ ਨੂੰ ਇੱਕ ਖ਼ਾਸ ਬਿਰਤਾਂਤਕ ਅਰਥ ਪ੍ਰਦਾਨ ਕਰਦੀ ਹੈ। ਆਬਿਦਾ ਆਪਣੇ ਦਾਦੇ ਦੀ ਲਿਖੀ ਡਾਇਰੀ ਲਿਪੀ-ਅੰਤਰ ਕਰਕੇ ਗੁਰਪ੍ਰੀਤ ਨੂੰ ਭੇਜਦੀ ਹੈ। ਆਬਿਦਾ ਦੇ ਅੱਬਾ ਦੇ ਵਾਲਦ ਦਾ ਵੱਡਾ ਭਰਾ ਯਾਨੀ ਬਾਬਾ ਅਲੀ ਉਜੜ ਕੇ ਆਉਂਦਾ ਰਾਹ ਵਿੱਚ ਮਾਰਿਆ ਜਾਂਦਾ ਹੈ। ਉਸਦਾ ਇੱਕ ਛੇ ਸੱਤ ਮਹੀਨਿਆਂ ਦਾ ਮੁੰਡਾ ਰਸ਼ੀਦ ਚੌਅ ਵਿੱਚ ਰੁੜ੍ਹ ਜਾਂਦਾ ਹੈ। ਉਸ ਦੀ ਦਾਦੀ ਨੂੰ ਦੋਹਾਂ ਦਾ ਸਦਮਾ ਸਾਰੀ ਉਮਰ ਲੱਗਾ ਰਿਹਾ। ਪਾਕਿਸਤਾਨ ਆ ਕੇ ਉਸਦਾ ਨਿਕਾਹ ਸ਼ੇਰ ਮੁਹੰਮਦ ਨਾਲ ਹੋ ਗਿਆ ਜੋ ਆਬਿਦਾ ਦਾ ਦਾਦਾ ਸੀ। ਆਬਿਦਾ ਆਪਣੇ ਦਾਦੇ ਦੀ ਅਖ਼ੀਰਲੇ ਸਾਹਾਂ ਤੱਕ ਆਪਣੀ ਜੰਮਣ ਭੋਇੰ ਦੀ ਮਿੱਟੀ ਦੀ ਤੜਫ਼ ਨੂੰ ਛੂਹਣ ਦੀ ਅਤ੍ਰਿਪਤ ਇੱਛਾ ਨੂੰ ਪੰਜਾਬ ਆ ਕੇ ਪੂਰਾ ਕਰਦੀ ਹੈ। ਉਹ ਪੰਜਾਬ ਆ ਕੇ ਆਪਣਾ ਜੱਦੀ ਪਿੰਡ ਵੇਖਦੀ ਹੈ। ਉਸ ਦਾ ਆਉਣਾ ਭਾਰਤ ਪਾਕਿਸਤਾਨ ਦੀ ਪੁਰਾਣੀ ਭਾਈਚਾਰਕ ਸਾਂਝ ਨੂੰ ਮੁੜ ਸਥਾਪਿਤ ਕਰਨ ਦਾ ਸੁਨੇਹਾ ਦਿੰਦੀ

ਹੈ ਜੋ ਕਿ ਨਾਵਲ ਦੇ ਮੁੱਖ ਉਦੇਸ਼ ਨੂੰ ਸਪੱਸ਼ਟ ਕਰਦੀ ਹੈ ਕਿ ਵੰਡ ਨੂੰ ਭਾਵੇਂ ਅਸੀਂ ਮਜਬੂਰਨ ਸਵੀਕਾਰ ਕੀਤਾ ਹੈ ਪਰ ਮਾਨਸਿਕ ਤੇ ਭਾਵਨਾਤਮਕ ਤੌਰ 'ਤੇ ਇਸ ਵੰਡ ਨੂੰ ਸਵੀਕਾਰ ਕਰਨਾ ਕਿਸੇ ਵੀ ਮਨੁੱਖ ਦੇ ਵੱਸ ਵਿੱਚ ਨਹੀਂ ਹੈ।

ਨਾਵਲ ਦੀ ਇੱਕ ਹੋਰ ਖ਼ਾਸੀਅਤ ਹੈ ਕਿ ਇਹ ਇੱਕੋ ਸਮੇਂ ਵੰਡ ਦੇ ਸਮਾਂਤਰ ਸਮਕਾਲੀ ਸਮਾਜ ਦੇ ਉਸ ਬਦਲਦੇ ਦ੍ਰਿਸ਼ 'ਤੇ ਵੀ ਫੋਕਸ ਕਰਦਾ ਹੈ ਜਿੱਥੇ ਕਾਰਪੋਰੇਟ ਜਗਤ ਦੇ ਆਰਥਿਕ ਏਜੰਡੇ ਦੀ ਪੂਰਤੀ ਹਿੱਤ ਸੱਤਾਧਾਰੀਆਂ ਵੱਲੋਂ ਪੰਜਾਬ ਦੇ ਪ੍ਰਕਿਰਤਿਕ ਸਰੋਤਾਂ ਦੀ ਅੰਨ੍ਹਵਾਹ ਲੁੱਟ ਕੀਤੀ ਜਾ ਰਹੀ ਹੈ। ਨਾਵਲ ਰਾਹੀਂ ਸਮਕਾਲ ਦੇ ਇਸ ਯਥਾਰਥ ਦੀਆਂ ਵਿਸੰਗਤੀਆਂ ਰਾਹੀਂ ਪੰਜਾਬ ਦੇ ਹੋਰ ਵਿਕਰਾਲ ਉਜਾੜੇ ਦਾ ਸੰਕੇਤ ਮਿਲਦਾ ਹੈ ਜੋ ਪਹਿਲਾਂ ਤੋਂ ਵੀ ਵੱਧ ਭਿਅੰਕਰ ਹੋਣ ਦੇਸੰਕੇਤ ਦਿੰਦਾ ਹੈ। ਅੱਜ ਪਰੰਪਰਾਵਾਂ ਦੀ ਸੁਭਾਵਿਕਤਾ ਨੂੰ ਬੱਚਿਆਂ ਦੇ ਰਹਿਣ-ਸਹਿਣ ਤੇਪੜ੍ਹਾਈ ਦਾ ਅੰਗ ਨਹੀਂ ਬਣਾਇਆ ਜਾ ਰਿਹਾ ਸਗੋਂ ਕੌਨਵੈਂਟਾਂ ਦੀ ਪੜ੍ਹਾਈ ਰਾਹੀਂ ਉਹਨਾਂ ਦੇ ਕੁਦਰਤੀ ਵਿਕਾਸ ਨੂੰ ਢਾਹ ਲਾਉਣ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ:

ਇਲਾਕੇ ਦੀ ਇਹ ਪਹਿਚਾਣ ਕੌਮਾਂਤਰੀ ਬਰਾਂਡਾਂ ਨੇ ਹੜੱਪ ਲਈ ਸੀ। ਗਿਆਨ, ਖਾਣ ਪੀਣ, ਸੁਹਜ, ਪਹਿਨਣ ਦੇ ਸਭ ਸਲੀਕੇ ਬਦਲੇ ਜਾ ਰਹੇ ਹਨ, ਸਗੋਂ ਪੂਰਾ ਜ਼ੋਰ ਲਾ ਕੇ। ਮੋਬਾਇਲ, ਸੋਸ਼ਲ ਮੀਡੀਆ, ਜਿਮ, ਪਾਰਲਰ, ਮਾਲ, ਰੈਸਟੋਰੈਂਟ, ਹੋਟਲ, ਕੌਨਵੈਂਟ...... ਜ਼ਿੰਦਗੀ ਰਿਵਾਇਤ ਤੋਂ ਲਗਭਗ 180 ਦੇ ਕੋਣ 'ਤੇ ਮੁੜ ਚੁੱਕੀ ਸੀ। ਬਹੁ-ਕੌਮੀ ਕਾਰਪੋਰੇਸ਼ਨਾਂ ਵੱਲੋਂ ਤਿਆਰ ਕੀਤੇ ਨਵੇਂ ਨਵੇਂ ਪ੍ਰੋਡਕਟਾਂ ਲਈ ਬੰਦੇ ਨੂੰ ਧੜ 'ਚ ਤਬਦੀਲ ਕੀਤਾ ਜਾ ਰਿਹਾ ਸੀ, ਬਿਨ੍ਹਾਂ ਸਿਰ ਤੋਂ ਖਪਤ ਦੇ ਰਿਮੋਟ ਨਾਲ ਚੱਲਦਾ ਫਿਰਦਾ ਧੜ। ਉਨ੍ਹਾਂ ਦੀਆਂ ਵਸਤਾਂ ਲਈ ਖਪਤ ਦਾ ਵਾਹਨ, ਬਿਲਕੁਲ ਉਵੇਂ ਜਿਵੇਂ ਸ਼ੋਅਰੂਮ ਦੇ ਬਾਹਰ ਪਲਾਸਟਿਕ ਦੇ ਬੁੱਤ ਖੜ੍ਹੇ ਕੀਤੇ ਹੁੰਦੇ, ਗਹਿਣੇ, ਕੱਪੜੇ, ਜੁੱਤੀਆਂ ਸਜਾ ਕੇ। ਔਰਤਾਂ ਦੇ ਬੁੱਤ ਵੀ ਤੇ ਮਰਦਾਂ ਦੇ ਬੁੱਤ ਵੀ।[vii]

ਸਮਕਾਲੀ ਸਮਾਜ ਵਿੱਚ ਨਜਾਇਜ਼ ਮਾਈਨਿੰਗ ਕਰਕੇ ਬਦਲਦਾ ਭੂਦ੍ਰਿਸ਼, ਖ਼ਤਮ ਹੋ ਰਹੇ ਜੰਗਲ, ਚਰਾਂਦਾ, ਪਹਾੜ ਅਜਿਹੇ ਖ਼ਤਰਨਾਕ ਵਰਤਾਰੇਹਨ ਜੋ ਵਾਤਾਵਰਣ ਦੇ ਖ਼ਤਰਿਆਂ ਤੋਂ ਪੈਦਾ ਹੋਣ ਵਾਲੇ ਹੋਰ ਸੰਕਟਾਂ ਵੱਲ ਇਸ਼ਾਰੇ ਹਨ। ਭਾਵੇਂ ਤਬਦੀਲੀ ਕੁਦਰਤ ਦਾ ਨਿਯਮ ਹੈ ਇਹ ਖ਼ੁਦ ਪਲ-ਪਲ ਬਦਲਦੀ ਹੈ ਪ੍ਰੰਤੂ ਜਦੋਂ ਇਸ ਤਬਦੀਲੀ ਦੀ ਵਾਂਗ-ਡੋਰ ਮਨੁੱਖ ਆਪਣੇ ਪਦਾਰਥਕ ਲਾਲਚਾਂ ਹਿੱਤ ਆਪਣੇ ਹੱਥ ਵਿੱਚ ਫੜ ਲੈਂਦਾ ਹੈ ਤਾਂ ਭਿਅੰਕਰ ਤਬਾਹੀ

ਵਾਪਰਦੀ ਹੈ। ਕਲਾਊਡ ਸੀਡਿੰਗ, ਕਰੋਨਾ ਵਾਇਰਸ ਦੀ ਮਿਸਾਲ ਸਾਡੇ ਸਾਹਵੇਂ ਪੇਸ਼ ਹੈ। ਇਸ ਤਬਾਹੀ ਪਿੱਛੇ ਇੱਕ ਖ਼ਾਸ ਵਰਗ ਦੇ ਆਪਣੇ ਹਿੱਤ ਛੁਪੇ ਹੁੰਦੇ ਹਨ ਜਿਸ ਨੂੰ ਆਮ ਬੰਦਾ ਸਮਝਣ ਦੇ ਸਮਰੱਥ ਨਹੀਂ ਹੁੰਦਾ। ਅਜਿਹਾ ਹੀ ਗੁਪਤ ਏਜੰਡਾ ਸੰਤਾਲੀ ਦਾ ਸੀ ਜਿਸ ਨੂੰ ਸਮਝਣ ਦੀ ਲੋੜ ਹੈ। ਸੰਤਾਲੀਨੂੰ ਸਮਝਣ ਲਈ ਨਾਵਲਕਾਰ ਕੁਝ ਸਵਾਲ ਖੜ੍ਹੇ ਕਰਦਾ ਹੈ ਜਿਸ ਦੇ ਪ੍ਰਸੰਗ ਵਿੱਚ ਸੰਤਾਲੀ ਨੂੰ ਸਮਝਿਆ ਜਾ ਸਕਦਾ ਹੈ:

ਬਹੁਤਾ ਪਿੱਛੇ ਨਾ ਵੀ ਜਾਇਆ ਜਾਏ ਬਾਬੇ ਨਾਨਕ ਵੱਲੋਂ ਚਿੰਤਨ ਦੀ ਨਵੀਂ ਨੁਹਾਰ ਘੜਨੀ, ਗੁਰੂ ਗੋਬਿੰਦ ਸਿੰਘ ਵੱਲੋਂ ਖਾਲਸੇ ਦੀ ਸਿਰਜਣਾ ਨਾਲ ਉਸ ਨਵੇਂ ਬੰਦੇ ਦੀ ਘਾੜਤ ਨੂੰ ਅਮਲੀ ਰੂਪ ਦੇਣਾ, ਬੰਦੇ ਬਹਾਦਰ ਵੱਲੋਂ ਪੰਜਾਬ ਚ ਸੱਤਾ ਦੇ ਜਾਬਰ ਪ੍ਰਬੰਧਕੀ ਢਾਂਚੇ ਨੂੰ ਤਹਿਸ਼ ਨਹਿਸ਼ ਕਰਨਾ, ਮਿਸਲਾਂ ਦਾ ਉਭਰਨਾ, ਰਣਜੀਤ ਸਿੰਘ ਦਾ ਰਾਜ, ਅੰਗਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਤੇ ਪ੍ਰਬੰਧ ਨੂੰ ਨਿੱਜੀ ਜਾਇਦਾਦ ਦੀਆਂ ਲੀਹਾਂ ਤੇ ਪੱਕਿਆਂ ਕਰਨਾ, ਕੀ ਇਸ ਸਭ ਕੁਝ ਨੂੰ ਸਮਝੇ ਬਿਨਾਂ ਸੰਤਾਲੀ ਨੂੰ ਸਹੀ ਚ ਸਮਝਿਆ ਜਾ ਸਕਦਾ? ਬੜੇ ਸਵਾਲ ਸਨ। ਕੁਝ ਦੇ ਜਵਾਬ ਹੁੰਦੇ, ਕੁਝ ਦੇ ਸੰਕੇਤ.....[viii]

ਨਾਵਲ ਵਿੱਚ ਵੰਡ ਦੇ ਉਜਾੜੇ ਤੋਂ ਬਿਨਾਂ ਪ੍ਰਵਾਸ ਕਾਰਨ ਹੋ ਰਹੇ ਉਜਾੜੇ ਵੱਲ ਵੀ ਸੰਕੇਤ ਮਿਲਦਾ ਹੈ। ਪੁਰਾਣੇ ਸਮਿਆਂ ਤੋਂ ਹੀ ਦੁਨੀਆਂ ਵਿੱਚ ਲੋਕ ਪ੍ਰਵਾਸ ਕਰਦੇ ਹਨ ਪਰੰਤੂ ਆਪਣੀ ਮਰਜ਼ੀ ਨਾਲ ਅਤੇ ਜ਼ਬਰਨ ਕੀਤੇ ਪ੍ਰਵਾਸ ਵਿੱਚ ਬਹੁਤ ਅੰਤਰ ਹੁੰਦਾ ਹੈ। ਵੈਸੇ ਵੀ ਆਪਣੀ ਜੰਮਣ ਭੋਇੰ ਤੋਂ ਆਪਣੀ ਮਰਜ਼ੀ ਨਾਲ ਪ੍ਰਵਾਸ ਕਰਨਾ ਜਜ਼ਬਾਤੀ ਤੌਰ ’ਤੇ ਬਹੁਤ ਔਖਾ ਕਰਨ ਵਾਲਾ ਹੁੰਦਾ ਹੈ ਪ੍ਰੰਤੂ ਜ਼ਬਰਨ ਪਰਵਾਸ ਜ਼ਿਹਨੀ ਅਤੇ ਜਜ਼ਬਾਤੀ ਤੌਰ ’ਤੇ ਮੂਲੋਂ ਔਖਾ ਹੁੰਦਾ ਹੈ ਮਨੁੱਖ ਆਪਣੀਆਂ ਜੜ੍ਹਾਂ ਤੋਂ ਹਮੇਸ਼ਾਂ ਲਈ ਵਿਛੁੰਨੇ ਜਾਂਦੇ ਹੈ। ਵੰਡ ਨਾਲ ਸੰਬੰਧਿਤ ਪ੍ਰਵਾਸ ਹਮੇਸ਼ਾਂ ਲਈ ਘਰ ਬਾਰ ਛੱਡਣ ਕਰਕੇ ਮਨੁੱਖ ਨੂੰ ਬਰਬਾਦ ਕਰ ਦਿੰਦਾ ਹੈ। ਪਰੰਤੂ ਨਾਵਲ ਵਿੱਚ ਪ੍ਰਵਾਸ ਦੇ ਮੌਜੂਦਾ ਰੁਝਾਨ ਨੂੰ ਵੰਡ ਵੇਲੇ ਦੇ ਮਜਬੂਰਨ ਪ੍ਰਵਾਸ ਦੇ ਪ੍ਰਸੰਗ ਵਿੱਚ ਸਮਝਣ ਦਾ ਯਤਨ ਕੀਤਾ ਗਿਆ ਹੈ:

ਇਹ ਕਿਹੜੀ ਹਿਜਰਤ ਹੈ..... ਇਸ ਨੂੰ ਕੀ ਕਹਾਂਗੇ?..... ਪੌਣੀ ਸਦੀ ਪਹਿਲਾਂ ਵਸੋਂ ਦਾ ਜਿਹੜਾ ਉਜਾੜਾ ਹੋਇਆ, ਲੋਕਾਂ ਨੂੰ ਜਬਰੀ ਆਪਣੀਆਂ ਜੜਾਂ ਤੋਂ ਉੱਖੜਨਾ ਪਿਆ..... ਉਹਨਾਂ ਨੂੰ ਲੱਗਦਾ, ਜਿਉਂਦੇ ਜੀ ਨਾ ਸਹੀ, ਉਹਨਾਂ ਦੀ ਕਬਰ ਨੂੰ ਉਸ ਜੰਮਣ ਭੋਇੰ ਦੀ ਮਿੱਟੀ ਨਸੀਬ ਹੋ ਜਾਏ.... ਉਜਾੜੇ ਦਾ ਇਹ ਨਵਾਂ ਵਰਤਾਰਾ, ਪੀੜੀ ਦਰ ਪੀੜੀ ਦੂਸਰੇ ਦੇਸ਼ਾਂ ਦੀ ਧਰਤੀਆਂ ਤੇ ਆਪਣੀਆਂ ਜੜਾਂ ਲਾਉਣ ਦੀ ਕੋਸ਼ਿਸ਼...... ਨਵੀਂ ਪੀੜੀ ਦੇਸ਼

ਆਉਂਦੀ ਵੀ ਤਾਂ ਕਿਤੇ ਹਫ਼ਤੇ ਦਸ ਦਿਨ ਲਈ ..... ਵਾਲਦ ਅੰਤਲੇ ਸਮੇਂ ਤੱਕ ਪਿੰਡ ਨੂੰ ਤਰਸਦਾ ਰਿਹਾ। ਉਸ ਦੀ ਇੱਕ ਝਲਕ ਦੇਖਣ ਲਈ.... ਮੇਰੇ ਪੁਰਖਿਆਂ ਦੀ ਧਰਤੀ.... ਕਿਆਮਤ ਦੇ ਦਿਨ ਉਹਨਾਂ ਨੂੰ ਕਿੱਥੇ ਲੱਭਾਂਗਾ..... ਉਹ ਮੈਨੂੰ ਕਿੱਥੇ ਲੱਭਣਗੇ? ਪਰ ਉਹ ਮਿੱਟੀ, ਉਹ ਹਵਾ, ਉਹ ਰਹਿਤਲ ਹੈ ਕਿੱਥੇ? ਜਿਸ ਲਈ ਉਹ ਤਰਸਦਾ ਰਿਹਾ....[ix]

ਸੰਤਾਲੀ ਦੀ ਵੰਡ ਦਾ ਸੰਕਟ ਸੰਪਰਦਾਇਕ ਸੀ ਪ੍ਰੰਤੂ ਪਰਵਾਸ ਮੌਜੂਦਾ ਸੰਕਟ ਸੰਪਰਦਾਇਕਤਾ ਤੋਂ ਪਾਰ ਹੈ। ਸਮੁੱਚਾ ਨੌਜਵਾਨ ਵਰਗ ਰੁਜ਼ਗਾਰ ਅਤੇ ਚੰਗੇ ਭਵਿੱਖ ਦੇ ਕਰਕੇ ਪਰਵਾਸ ਕਰ ਰਿਹਾ ਹੈ। ਗੁਰਪ੍ਰੀਤ ਰਾਹੀਂ ਨਾਵਲ ਦਾ ਲੁਕਿਆ ਹੋਇਆ ਥੀਮ ਸਪਸ਼ਟ ਹੁੰਦਾ ਹੈ ਕਿ ਸੰਤਾਲੀ ਅਤੇ ਚੁਰਾਸੀ ਵਰਗੇ ਸੰਕਟ ਵਾਰ-ਵਾਰ ਵਾਪਰਨ ਦਾ ਕਾਰਨ ਸੱਤਾਧਾਰੀ ਧਿਰ ਦੀ ਸੱਤਾ ਦੀ ਭੁੱਖ, ਪਦਾਰਥਕ ਖਿੱਚ ਅਤੇ ਚੌਧਰ ਦਾ ਲਾਲਚ ਹੈ। ਗੁਰਪ੍ਰੀਤ ਰਾਹੀਂ ਨਾਵਲਕਾਰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ ਬੰਦੇ ਨੂੰ ਖਪਤੀ ਤੇ ਭਾਰੂ ਜੀਵਨ ਜਾਚ ਵਿੱਚ ਖਚਿਤ ਹੋਣ ਦੀ ਥਾਂ ਆਪਣੇ ਸਬਰ ਸੰਤੋਖ ਦੇ ਨਾਲ ਚੱਲਣ ਦੀ ਲੋੜ ਹੈ:

ਆਬਿਦਾ ਗੁਜ਼ਾਰਾ ਤਾਂ ਜਿਹੜੇ ਦੋ ਦੋ, ਢਾਈ ਢਾਈ ਲੱਖ ਲੈ ਰਹੇ ਐ, ਉਨਾਂ ਨੂੰ ਵੀ ਹੁੰਦਾ ਨੀ ਲੱਗਦਾ। ਉਹਨਾਂ ਨੂੰ ਹੋਰ ਚਾਹੀਦੇ ਐ। ਅੰਬਾਨੀ ਭਾਰਤ ਦਾ ਸਭ ਤੋਂ ਅਮੀਰ ਬੰਦਾ, ਉਸਦੀ ਭੁੱਖ ਦੁਨੀਆਂ ਦਾ ਸਭ ਤੋਂ ਅਮੀਰ ਆਦਮੀ ਬਣਨ ਦੀ ਹੈ। ....... ਮਜ਼ਦੂਰ ਨੂੰ ਇੱਥੇ ਦਿਹਾੜੀ ਮਿਲਦੀ ਐ ਸਾਢੇ ਚਾਰ ਸੌ ਰੁਪਏ..... ਉਹ ਇਸੇ 'ਚ ਹੀ ਗੁਜ਼ਾਰਾ ਕਰੀ ਜਾ ਰਿਹਾ..... ਸੰਤਾਲੀ ਦੇ ਆਸ ਪਾਸ ਦਿਹਾੜੀ ਹੁੰਦੀ ਸੀ ਚਾਰ ਆਨੇ। ਗੁਜ਼ਾਰਾ ਉਦੋਂ ਵੀ ਹੁੰਦਾ ਸੀ..... ਦੇਖਣਾ ਚਾਹੁੰਨਾ ਵੱਖ-ਵੱਖ ਇਲਾਕਿਆਂ, ਸੱਭਿਆਚਾਰਾਂ ਨੂੰ, ਵੱਖਰੇਵੇ ਕਦੋਂ ਤੇ ਕਿਵੇਂ ਪਨਪਣੇ ਸ਼ੁਰੂ ਹੋਏ..... ਇਹਨਾਂ ਦੇ ਪਨਪਣ ਪਿੱਛੇ ਆਰਥਿਕਤਾ ਦੀ ਕਿੰਨੀ ਭੂਮਿਕਾ ਹੈ ਤੇ ਰਾਜਨੀਤੀ ਦੀ ਕਿੰਨੀ?...... ਇਹ ਜਦੋਂ ਮੂੰਹ ਜ਼ੋਰ ਹੋ ਜਾਏ ਬੰਦਾ ਇਸ ਦੇ ਰੋੜ ਚ ਵਹਿਣ ਲੱਗੇ ਤਾਂ ਉਸਦੇ ਅੰਦਰਲਾ ਗੁਆਚ ਜਾਂਦਾ.... ਖਪਤ ਦੇ ਮਾਇਆ ਜਾਲ ਵਿੱਚ ਉਲਝ ਕੇ ਰਹਿ ਜਾਂਦਾ ਫਿਰ ਸਭ।[x]

ਸਾਹਿਤ ਇਤਿਹਾਸ ਦਾ ਗਵਾਚਿਆ ਤੇ ਵਿਛੜਿਆ ਹੋਇਆ ਰੂਪ ਜਾਂ ਪ੍ਰਤੀਰੂਪ ਬੇਸ਼ੱਕ ਨਾ ਹੋਵੇ ਪਰ ਉਸ 'ਚ ਇਤਿਹਾਸ ਨੂੰ ਦੇਖਣ ਦਾ ਇੱਕ ਨਜ਼ਰੀਆ ਨਿਹਿਤ ਹੁੰਦਾ ਹੈ ਜੋ ਇਤਿਹਾਸ ਨੂੰ ਪਰਖਣ ਦੀ ਇੱਕ ਦ੍ਰਿਸ਼ਟੀ ਵਜੋਂ ਉਭਰ ਸਕਦਾ ਹੈ। ਇਸ ਸੰਬੰਧ 'ਚ ਇਹ ਧਾਰਨਾ ਬਣਦੀ ਹੈ ਕਿ ਵੰਡ ਦੇ ਸਮੇਂ ਅਤੇ ਉਸ ਤੋਂ ਬਾਅਦ ਰਚਿਤ ਭਾਰਤੀ ਸਾਹਿਤ ਦੇ ਅਧਿਐਨ

ਨਾਲ ਵੰਡ ਸੰਬੰਧੀ ਇਤਿਹਾਸ ਲਿਖਤ ਵਿੱਚ ਕੁਝ ਨਵਾਂ ਜੁੜ ਸਕਦਾ ਹੈ ਅਤੇ ਇਸ ਨਾਲ ਉਨ੍ਹਾਂ ਸੂਤਰਾਂ ਨੂੰ ਸੁਲਝਾਉਣ ਵਿੱਚ ਮਦਦ ਮਿਲ ਸਕਦੀ ਹੈ ਜੋ ਵੰਡ ਦੀ ਪਿੱਠਭੂਮੀ ਵਿੱਚ ਦੱਬੇ ਪਏ ਹਨ। ਸਾਹਿਤ ਅਤੇ ਇਤਿਹਾਸ ਇੱਕ ਦੂਸਰੇ ਦੇ ਪਿੱਛੇ ਚੱਲਣ ਵਾਲੇ ਨਹੀਂ ਸਗੋਂਨਾਲ-ਨਾਲ ਚੱਲਣ ਵਾਲੀਆਂ ਪ੍ਰਤੀਕਿਰਿਆਵਾਂ ਹਨ।ਇਸ ਨੂੰ ਜੇਕਰ ਮੰਨ ਲਿਆ ਜਾਵੇ ਤਾਂ ਸ਼ਾਇਦ ਹੀ ਹੁਣ ਤੱਕ ਦੇ ਨਤੀਜਿਆਂ ਅਤੇ ਨਿਸ਼ਕਰਸ਼ਾਂ ਨੂੰ ਪੜਤਾਲਣ ਜਾਂ ਚੁਣੌਤੀ ਦੇਣ ਦੀ ਗੁੰਜਾਇਸ਼ ਬਚੇ ਪਰ ਜਾਂਚਣ ਤੇ ਪਰਖਣ ਦੀਆਂ ਨਵੀਆਂ ਵਿਧੀਆਂ ਨੂੰ ਹਾਸਿਲ ਕਰਨ ਵੱਲ ਜ਼ਰੂਰ ਵਧਿਆ ਜਾ ਸਕਦਾ ਹੈ।

ਪੰਜਾਬੀ ਨਾਵਲ ਵਿਚ ਕੁੱਝ ਨਾਵਲਾਂ ਵਿਚ ਵਿਸ਼ਾਲ ਕੈਨਵਸ ’ਤੇ ਵੰਡ ਦੀ ਪੇਸ਼ਕਾਰੀ ਹੋਈ ਹੈ ਅਤੇ ਕੁੱਝ ਵਿਚ ਸੰਕੇਤ ਮਾਤਰ। ਇਸ ਪੱਖੋਂ ਬਲਬੀਰ ਪਰਵਾਨਾ ਦਾ ਨਾਵਲ ‘*ਰੌਲ਼ਿਆਂ ਵੇਲੇ*’ ਦਾ ਇਹ ਹਾਸਿਲ ਹੈ ਕਿ ਇਹ ਨਾਵਲ ਵੰਡ ਦੇ ਕਾਰਨਾਂ, ਨਤੀਜਿਆਂ ਸਮੇਤ ਸਮਕਾਲ ਵਿਚ ਉਜਾੜੇ ਦੇ ਨਵੇਂ ਤੇ ਵੱਖਰੇ ਦਰਪੇਸ਼ ਸਰੋਕਾਰਾਂ ਨੂੰ ਮੁਖਾਤਿਬ ਹੈ। ਇਹ ਨਾਵਲ ਸੰਤਾਲੀ ਦੇ ਨਾਲ-ਨਾਲ ਸੰਤਾਲੀ ਵਰਗੇ ਹੋਰ ਵਰਤਾਰਿਆਂ ਦੀ ਪਿੱਠ-ਭੂਮੀ ਵਿਚ ਮੁੱਖ ਕਾਰਕ ਸੱਤਾ ਅਤੇ ਰਾਜ ਦੀ ਅਭਿਲਾਸ਼ੀ ਧਿਰ ਨੂੰ ਬੇਨਕਾਬ ਕਰਦਾ ਹੈ। ਸਮਾਕਲ ਵਿਚ ਪਰਵਾਸ, ਵਾਤਾਵਰਨ ਸੰਕਟ, ਭੌਂ-ਮਾਫੀਆ ਕਰਕੇ ਨਵੇਂ ਹੋਣ ਵਾਲੇ ਇਕ ਹੋਰ ਉਜਾੜੇ ਵੱਲ ਸੰਕੇਤ ਕਰਦਾ ਹੈ। ਕੁੱਲ ਮਿਲਾ ਕੇ ਇਹ ਨਾਵਲ ਵੰਡ ਸੰਬੰਧੀ ਪਹਿਲੇ ਨਾਵਲਾਂ ਤੋਂ ਇਕ ਨਵੀਂ, ਮਹੱਤਵਪੂਰਣ ਤੇ ਅਰਥਪੂਰਣ ਚਰਚਾ ਪ੍ਰਸਤੁਤ ਕਰਦਾ ਹੈ।

**ਹਵਾਲੇ**

---

[i]ਬਲਬੀਰ ਪਰਵਾਨਾ, *ਰੌਲ਼ਿਆਂ ਵੇਲੇ,* ਆਦਿਕਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2024, ਪੰਨਾ 6-7

[ii]ਉਹੀ, ਪੰਨਾ 8

[iii]ਉਹੀ*,* ਪੰਨਾ 23

[iv]ਉਹੀ, ਪੰਨਾ 141

[v]Bhisham Sahni, “Many years later when I saw Bombay riots I was reminded of my days in Pakistan. That compelled me to think about my old experiences. I also felt that conditions which had caused the

riots in 1947 were still present. The partition of the country should have put an end to the riots but it hadn't."

Alok Bhalla, "Objectifying Trubling memories: An interview with Bhisham Sahni", Inventing Boundaries: Gender, Politics and the partition of india, Mushirul Hasan (ed.), second edition, oxford university press, New Delhi, 2012, p.349

[vi]ਬਲਬੀਰ ਪਰਵਾਨਾ, *ਰੌਲਿਆਂ ਵੇਲੇ,* ਪੰਨਾ 37

[vii]ਉਹੀ, ਪੰਨਾ 53

[viii]ਉਹੀ, ਪੰਨਾ 60

[ix]ਉਹੀ, ਪੰਨਾ 114-115

[x]ਉਹੀ, ਪੰਨਾ 135